**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ)
ਪੰਜਾਬ

ਮੀਮੋ ਨੰ:ਐਸ.ਐਸ.ਏ/ਮੈਥ ਸੈੱਲ/2009/70557-70596
ਮਿਤੀ, ਚੰਡੀਗੜ੍ਹ:06.10.09

**ਵਿਸ਼ਾ:-** **ਮਹੀਨਾਵਾਰ ਲਈ ਜਾਂਦੀ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਪੰਜਵੀਂ ਜਮਾਤ ਤੋਂ ਦਸਵੀਂ ਜਮਾਤ ਤੱਕ ਅੰਗਰੇਜ਼ੀ, ਸਮਾਜਿਕ, ਸਾਇੰਸ ਅਤੇ ਹਿਸਾਬ ਵਿਸ਼ਿਆਂ ਦੀ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਂਦੀ ਹੈ ਪਰ ਇਸਦੇ ਪ੍ਰਸ਼ਨ ਪੱਤਰ ਸਰਵ ਸਿੱਖਿਆ ਅਭਿਆਨ ਵੱਲੋਂ ਮਹੀਨਾਵਾਰ ਸਿਲੇਬਸ ਅਨੁਸਾਰ ਤਿਆਰ ਕਰਕੇ ਭੇਜੇ ਜਾਂਦੇ ਹਨ।ਇਸ ਪ੍ਰੀਖਿਆ ਨੂੰ ਵਿਭਾਗ ਦੁਆਰਾ ਲੈਣ ਦਾ ਮੰਤਵ ਇਹ ਹੈ ਕਿ ਇਸ ਨਾਲ ਵਿਦਿਆਰਥੀਆਂ ਦੀ ਪ੍ਰਗਤੀ ਨੂੰ ਸਮੇਂ-ਸਮੇਂ ਸਿਰ ਜਾਂਚਿਆ ਜਾ ਸਕੇ ਅਤੇ ਇਸ ਪ੍ਰੀਖਿਆ ਦੇ 20 ਪ੍ਰਤੀਸ਼ਤ ਨੰਬਰ ਵਿਦਿਆਰਥੀ ਦੀ ਸਲਾਨਾ ਪ੍ਰੀਖਿਆ ਦੇ ਨਤੀਜੇ ਵਿੱਚ ਵੀ ਜੋੜੇ ਜਾਣੇ ਹਨ। ਇਸ ਤੋਂ ਇਲਾਵਾ ਰਾਈਟ ਟੂ ਐਜੂਕੇਸ਼ਨ ਐਕਟ ਨਾਲ ਵਿਦਿਆਰਥੀਆਂ ਨੂੰ ਸਮੇਂ-ਸਮੇਂ ਅਧਿਆਪਕਾਂ ਦੁਆਰਾ ਸਿਲੇਬਸ ਨੂੰ ਪੂਰਾ ਕਰਾਉਣ ਅਤੇ ਵਿਦਿਆਰਥੀ ਦੁਆਰਾ ਕੀਤੀ ਪ੍ਰਗਤੀ ਦਾ ਮੁਲਅੰਕਣ ਕਰਨਾ ਵੀ ਜਰੂਰੀ ਬਣ ਜਾਂਦਾ ਹੈ।

3.0 ਹਰੇਕ ਸੋਮਵਾਰ ਲਈ ਜਾਣ ਵਾਲੀ ਉਪਰੋਕਤ ਪ੍ਰੀਖਿਆ ਨਿਰਵਿਘਨ ਚਲਾਉਣ ਲਈ ਅਕਤੂਬਰ ਵਿੱਚ ਵੀ ਲਈ ਜਾਣੀ ਸੀ, ਪਰ ਬਹੁਤ ਸਾਰੇ ਅਧਿਆਪਕਾਂ ਵੱਲੋਂ ਦਫਤਰ ਨੂੰ ਸੁਝਾਅ ਪ੍ਰਾਪਤ ਹੋਏ ਹਨ ਕਿ ਇਸ ਪ੍ਰੀਖਿਆ ਨੂੰ ਅਕਤੂਬਰ ਮਹੀਨੇ ਵਿੱਚ ਨਾ ਲਿਆ ਜਾਵੇ ਕਿਉਂਕਿ ਇਸਨੂੰ ਪਹਿਲਾਂ ਹੀ ਸਤੰਬਰ ਪ੍ਰੀਖਿਆ ਦੇ ਸਿਲੇਬਸ ਅੰਦਰ ਇਸਨੂੰ ਕਵਰ ਕੀਤਾ ਜਾ ਚੁੱਕਿਆ ਹੈ। ਦਫਤਰ ਵੱਲੋਂ ਲਏ ਜਾਣ ਵਾਲੇ ਪੇਪਰਾਂ ਨੂੰ ਅਤੇ ਸਿਲੇਬਸ ਨੂੰ ਘੋਖਿਆ ਗਿਆ ਅਤੇ ਅਧਿਆਪਕਾਂ ਦੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਇਸ ਮਹੀਨੇ ਦੌਰਾਨ ਪੰਜਵੀਂ ਜਮਾਤ ਦੇ ਹਿਸਾਬ, ਵਾਤਾਵਰਨ ਸਿੱਖਿਆ, ਅੰਗਰੇਜ਼ੀ ਅਤੇ ਪੰਜਾਬੀ ਵਿਸ਼ਿਆਂ ਦੀ ਪ੍ਰੀਖਿਆ ਮਹੀਨਾਵਾਰ ਸਿਲੇਬਸ ਵੰਡ ਅਨੁਸਾਰ ਸਤੰਬਰ ਮਹੀਨੇ ਦੇ ਸਿਲੇਬਸ ਵਿੱਚੋਂ ਪਹਿਲਾਂ ਚੱਲ ਰਹੀ ਡੇਟਸ਼ੀਟ ਅਨੁਸਾਰ ਲਈ ਜਾਵੇਗੀ ਅਤੇ ਇਸੇ ਤਰ੍ਹਾਂ ਛੇਵੀਂ, ਸੱਤਵੀ, ਅੱਠਵੀਂ ਅਤੇ ਦਸਵੀਂ ਜਮਾਤਾਂ ਦੇ ਕੇਵਲ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੀ ਪ੍ਰੀਖਿਆ ਵੀ ਮਹੀਨਾਵਾਰ ਸਿਲੇਬਸ ਵੰਡ ਸਤੰਬਰ ਮਹੀਨੇ ਅਨੁਸਾਰ ਲੜੀਵਾਰ (ਦੂਜੇ ਸੋਮਵਾਰ ਅਤੇ ਚੌਥੇ ਸੋਮਵਾਰ) ਲਈ ਜਾਵੇਗੀ।

4.0 ਨੌਵੀਂ ਦੀ ਪ੍ਰੀਖਿਆ ਸਮੈਸਟਰ ਖਤਮ ਹੋਣ ਕਾਰਨ ਨਹੀਂ ਹੋਵੇਗੀ। ਹਿਸਾਬ ਅਤੇ ਸਾਇੰਸ ਵਿਸ਼ਿਆਂ ਦੀ ਛੇਵੀਂ ਤੋਂ ਦੱਸਵੀਂ ਤੱਕ ਕੋਈ ਪ੍ਰੀਖਿਆ ਅਕਤੂਬਰ ਮਹੀਨੇ ਵਿੱਚ ਨਹੀਂ ਹੋਵੇਗੀ ਕਿਉਂਕਿ ਸਤੰਬਰ ਮਹੀਨੇ ਵਿੱਚ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਕੇਵਲ ਦੁਹਰਾਈ ਹੀ ਕਰਵਾਈ ਗਈ ਹੈ ।ਇਸ ਦੇ ਨਾਲ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਬੰਧਤ ਸਕੂਲ ਮੁਖੀ ਯਕੀਨੀ ਬਣਾਉਣਗੇ ਕਿ ਸਤੰਬਰ ਮਹੀਨੇ ਵਾਲਾ ਹਿਸਾਬ ਅਤੇ ਸਾਇੰਸ ਦਾ ਪੇਪਰ ਆਪਣੇ ਕੋਲ ਸੀਲ ਬੰਦ ਅਤੇ ਸੁਰੱਖਿਅਤ ਰੱਖਣਗੇ।ਇਸ ਦੇ ਉਪਯੋਗ ਲਈ ਹਦਾਇਤਾਂ ਬਾਅਦ ਵਿਚ ਜਾਰੀ ਕੀਤੀਆਂ ਜਾਣਗੀਆਂ।

5.0 ਲਈ ਜਾਣ ਵਾਲੀ ਪ੍ਰੀਖਿਆ ਦੀ ਡੇਟਸ਼ੀਟ ਪਹਿਲਾਂ ਦੀ ਤਰ੍ਹਾਂ ਹੀ ਹੋਵੇਗੀ।

6.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

**ਪਿੱਠ ਅੰਕਣ:** ਐਸ.ਐਸ.ਏ/ਮੈਥ ਸੈੱਲ/2009/70597-70639 **ਮਿਤੀ, ਚੰਡੀਗੜ੍ਹ:06.10.09**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1. ਸਮੂਹ ਮੰਡਲ ਸਿੱਖਿਆ ਅਫਸਰ।
2. ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ ਜਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

**ਕ੍ਰਿਪਾ ਕਰਕੇ ਸਾਥੀ ਜਿ.ਸਿ.ਅ. ਨੂੰ ਵੀ ਕਾਪੀ ਜਰੂਰ ਦੇਣ ਦੀ ਖੇਚਲ ਕਰਨੀ ਜੀ।**